# ਇਨਸੂਲੇਟਰ



"ਇਹ ਜਾਣ ਕੇ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਮੇਰੇ ਕੰਮ ਦਾ ਵਾਤਾਵਰਣ `ਤੇ ਚੰਗਾ ਅਸਰ ਪੈਂਦਾ ਹੈ।"

## ਇਸ ਕਿੱਤੇ ਬਾਰੇ

ਇਨਸੂਲੇਟਰ ਵੱਖ ਵੱਖ ਤਰ੍ਹਾਂ ਦੀ ਇਨਸੂਲੇਸ਼ਨ ਸਾਮੱਗਰੀ (ਜਿਵੇਂ ਫਾਇਬਰਗਲਾਸ, ਮਿਨਰਲ ਵੂਲ, ਸਟਾਇਰੋਫੋਮ, ਆਦਿ) ਦੀ ਵਰਤੋਂ ਕਰਦੇ ਹੋਏ ਸਾਰੀਆਂ ਕਿਸਮਾਂ ਦੇ ਮਕੈਨੀਕਲ ਸਾਜ਼-ਸਾਮਾਨ, ਜਿਵੇਂ ਕਿ ਪਲੰਬਿੰਗ ਅਤੇ ਪਾਈਪਾਂ ਦੇ ਸਿਸਟਮ, ਐੱਚ ਵੀ ਏ ਸੀ ਸਿਸਟਮ, ਹੀਟ ਐਕਸਚੇਂਜਰ, ਟੈਂਕ, ਵੈਸਲਜ਼ ਅਤੇ ਹੋਰ ਮਕੈਨੀਕਲ ਸਿਸਟਮ ਉੱਪਰ ਥਰਮਲ ਅਤੇ ਅਕਿਊਸਟੀਕਲ ਇਨਸੂਲੇਸ਼ਨ ਪਾਉਂਦੇ ਹਨ, ਹਟਾਉਂਦੇ ਹਨ ਅਤੇ ਰਿਪੇਅਰ ਕਰਦੇ ਹਨ।

**$26.69-$40.53 /ਪ੍ਰਤੀ ਘੰਟਾ**

ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada

- ਤੁਸੀਂ ਉਚਾਈਆਂ `ਤੇ ਅਤੇ ਤੰਗ ਥਾਂਵਾਂ ਵਿਚ ਕੰਮ ਕਰਨ ਵਾਸਤੇ ਆਰਾਮਦੇਹ ਹੋ।
- ਤੁਸੀਂ ਵੇਰਵੇ ਵਿਚ ਦਿਲਚਸਪੀ ਰੱਖਦੇ ਹੋ।
- ਤੁਸੀਂ ਸਹੀ ਤਰ੍ਹਾਂ ਕੰਮ ਕਰਨ ਦਾ ਆਨੰਦ ਮਾਣਦੇ ਹੋ।

## ਜ਼ਿੰਮੇਵਾਰੀਆਂ

- ਧਰਾਤਲ, ਵਰਤੋਂ ਅਤੇ ਕੀ ਸਾਜ਼-ਸਾਮਾਨ ਠੰਢਾ ਜਾਂ ਗਰਮ ਹੈ, ਅੰਦਰ ਹੈ ਜਾਂ ਬਾਹਰ ਹੈ ਦੇ ਮੁਤਾਬਕ ਇਨਸੂਲੇਸ਼ਨ ਦੀ ਮਾਤਰਾ ਅਤੇ ਕਿਸਮ ਅਤੇ ਇਸ ਨੂੰ ਸੁਰੱਖਿਅਤ ਕਰਨ ਦੇ ਤਰੀਕੇ (ਜਿਵੇਂ ਸਪਰੇਇੰਗ, ਪੇਸਟਿੰਗ, ਸਟ੍ਰੈਪਿੰਗ, ਆਦਿ) ਦੀ ਚੋਣ ਕਰਨਾ
- ਲੋੜੀਂਦੇ ਆਕਾਰ ਅਤੇ ਪਸਾਰ ਲਈ ਇਨਸੂਲੇਟਿੰਗ ਦੀ ਸਾਮੱਗਰੀ ਅਤੇ ਕਵਰਿੰਗਜ਼ ਨੂੰ ਮਿਣਨਾ ਅਤੇ ਕੱਟਣਾ
- ਰੁਕਾਵਟਾਂ ਦੇ ਦੁਆਲੇ ਇਨਸੂਲੇਸ਼ਨ ਫਿੱਟ ਕਰਨਾ ਜਾਂ ਇਨਸੂਲੇਸ਼ਨ ਸਾਮੱਗਰੀ ਅਤੇ ਹਿਫਾਜ਼ਤੀ ਕਵਰਿੰਗਜ਼ ਤਰਤੀਬ ਦੇਣਾ
- ਵਾਸ਼ਪੀ ਰੁਕਾਵਟਾਂ ਇਨਸਟਾਲ ਕਰਨਾ ਅਤੇ ਮੈਟਲ ਕਲੈਡਿੰਗ, ਕੈਨਵਸ, ਪਲਾਸਟਿਕ ਸ਼ੀਟਿੰਗਜ਼ ਜਾਂ ਸੀਮਿੰਟ ਲਗਾ ਕੇ ਇਨਸੂਲੇਟਿਡ ਬਾਹਰੀ ਹਿੱਸਿਆਂ ਨੂੰ ਫਿਨਿਸ਼ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**
ਗਰੇਡ 12 ਮੁਕੰਮਲ (ਤਰਜੀਹ), ਇੰਗਲਿਸ਼ 10, ਮੈਥ 10 ਅਤੇ ਸਾਇੰਸ 10

**ਅਪਰੈਂਟਿਸਸ਼ਿਪ ਪ੍ਰੋਗਰਾਮ:**
4 ਸਾਲ, ਜਿਸ ਵਿਚ 720 ਘੰਟਿਆਂ ਦੀ ਟੈਕਨੀਕਲ ਟਰੇਨਿੰਗ ਅਤੇ 6,600 ਘੰਟਿਆਂ ਦੀ ਜੌਬ `ਤੇ ਟਰੇਨਿੰਗ ਸ਼ਾਮਲ ਹਨ। ਟੈਕਨੀਕਲ ਟਰੇਨਿੰਗ ਅਤੇ ਅੰਤਰ-ਸੂਬਾਈ ਇਮਤਿਹਾਨ ਦੀ ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਸਮੱਸਿਆ ਦਾ ਹੱਲ ਕਰਨ ਅਤੇ ਪਲੈਨਿੰਗ ਦੇ ਵਧੀਆ ਹੁਨਰ
- ਸਰੀਰਕ ਤੰਦਰੁਸਤੀ ਅਤੇ ਤਕਰੀਬਨ 25 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਹੱਥਾਂ ਦੀ ਫੁਰਤੀ ਅਤੇ ਤੇਜ਼ੀ
- ਉਚਾਈਆਂ `ਤੇ ਅਤੇ ਗਰਮ ਅਤੇ ਠੰਢੇ ਮੌਸਮਾਂ ਵਿਚ ਕੰਮ ਕਰਨ ਦੀ ਸਮਰੱਥਾ

## ਕੀ ਤੁਹਾਨੂੰ ਪਤਾ ਸੀ?

ਇਨਸੂਲੇਟਰ ਸਹੀ ਇਨਸੂਲੇਸ਼ਨ ਦੀ ਵਰਤੋਂ ਨੂੰ ਯਕੀਨੀ ਬਣਾ ਕੇ ਵਾਤਾਵਰਣ ਦੀ ਮਦਦ ਕਰਨ ਵਿਚ ਮੁੱਖ ਰੋਲ ਨਿਭਾਉਂਦੇ ਹਨ ਜੋ ਐਨਰਜੀ ਦੀ ਬਹੁਤ ਬੱਚਤ ਕਰ ਸਕਦੇ ਹਨ ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਅਤੇ ਪ੍ਰਦੂਸ਼ਣ ਨੂੰ ਘਟਾ ਸਕਦੇ ਹਨ।


College of the BC Building Trades

info@collegeofthebcbt.ca | www.collegeofthebcbt.ca


BC INSULATORS GreenJobsGreatJobs™